ਪ੍ਰਾਈਵੇਟ ਕਮੇਟੀਆਂ ਲਈ ਤੱਥ ਸ਼ੀਟ

# ਤੁਹਾਡੇ ਇਨਵੈਸਟਮੈਂਟ ਦੇ ਫੈਸਲੇ

ਪ੍ਰਾਈਵੇਟ ਕਮੇਟੀ ਵਜੋਂ ਜਿਹੜੀ ਕਿਸੇ "ਅਸਮਰੱਥ" ਐਲਾਨੇ ਗਏ ਬਾਲਗ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾ ਰਹੀ ਹੈ, ਤੁਹਾਨੂੰ ਨਿੱਤ ਦੀਆਂ ਲੋੜਾਂ ਦਾ ਖਿਆਲ ਰੱਖਣ ਲਈ ਬਾਲਗ ਦੇ ਬੈਂਕ ਅਕਾਊਂਟ ਵਿਚ ਵਾਜਬ ਰਕਮ ਰੱਖਣ ਦੀ ਲੋੜ ਪਵੇਗੀ। ਉਸ ਤੋਂ ਉਪਰਲੀ ਕੋਈ ਵੀ ਰਕਮ ਇਨਵੈਸਟ ਕੀਤੀ ਜਾਣੀ ਚਾਹੀਦੀ ਹੈ। ਤੁਹਾਡੇ ਵਲੋਂ ਕੀਤੀਆਂ ਜਾਣ ਵਾਲੀਆਂ ਇਨਵੈਸਟਮੈਂਟਾਂ ਵਾਜਬ ਅਤੇ ਸਹੀ ਹੋਣੀਆਂ ਜ਼ਰੂਰੀ ਹਨ, ਉਸ ਵਿਅਕਤੀ ਦੀਆਂ ਹਾਲਤਾਂ ਦੇ ਮੁਤਾਬਕ ਜਿਸ ਦੇ ਮਾਮਲੇ ਤੁਸੀਂ ਸੰਭਾਲ ਰਹੇ ਹੋ। ਇਹ ਤੱਥ ਸ਼ੀਟ, ਢੁਕਵੀਂਆਂ ਇਨਵੈਸਟਮੈਂਟਾਂ ਦੀ ਚੋਣ ਕਰਨ ਵੇਲੇ ਅਪਣਾਈ ਜਾਣ ਵਾਲੀ ਪਹੁੰਚ ਦਾ ਫੈਸਲਾ ਕਰਨ ਵਿਚ ਤੁਹਾਡੀ ਮਦਦ ਕਰੇਗੀ।

## ਸਿਆਣੇ ਇਨਵੈਸਟਰ ਦੀ ਸ਼ਰਤ

ਪੇਸ਼ੈਂਟਸ ਪ੍ਰਾਪਰਟੀ ਐਕਟ ਕਹਿੰਦਾ ਹੈ ਕਿ ਇਨਵੈਸਟਿੰਗ ਦੇ ਮੰਤਵ ਲਈ, ਟਰੱਸਟੀ ਐਕਟ ਅਧੀਨ ਸਾਰੀਆਂ ਕਮੇਟੀਆਂ ਟਰੱਸਟੀ ਹਨ। ਟਰੱਸਟੀ ਐਕਟ ਟਰੱਸਟੀਆਂ ਲਈ ਖਿਆਲ ਰੱਖਣ ਦਾ ਮਿਆਰ ਤਹਿ ਕਰਦਾ ਹੈ। ਇਸ ਖਿਆਲ ਰੱਖਣ ਦੇ ਮਿਆਰ ਨੂੰ "ਸਿਆਣੇ ਇਨਵੈਸਟਰ" ਵਜੋਂ ਜਾਣਿਆ ਜਾਂਦਾ ਹੈ। ਇਸ ਕਰਕੇ, ਕਮੇਟੀ ਤੋਂ ਖਿਆਲ ਰੱਖਣ, ਹੁਨਰ ਵਰਤਣ, ਉੱਦਮ ਕਰਨ ਅਤੇ ਸੂਝ-ਬੂਝ ਵਰਤਣ ਦੀ ਮੰਗ ਕੀਤੀ ਜਾਂਦੀ ਹੈ ਜਿਵੇਂ ਕੋਈ "ਸਿਆਣਾ ਇਨਵੈਸਟਰ" ਇਨਵੈਸਟਮੈਂਟ ਦੇ ਫੈਸਲੇ ਕਰਨ ਵੇਲੇ ਕਰੇਗਾ। ਸਿਆਣੇ ਇਨਵੈਸਟਰ ਵਜੋਂ, ਤੁਹਾਡੇ ਤੋਂ ਇਨਵੈਸਟਮੈਂਟ ਦੀ ਪਲੈਨ ਜਾਂ ਜੁਗਤ ਤਿਆਰ ਕਰਨ ਦੀ ਮੰਗ ਕੀਤੀ ਜਾਂਦੀ ਹੈ ਅਤੇ ਤੁਹਾਨੂੰ ਇਹ ਲਿਖਣੀ ਚਾਹੀਦੀ ਹੈ।

ਭਾਵੇਂ ਕਿ ਸਿਆਣੇ ਇਨਵੈਸਟਰ ਦੀ ਸ਼ਰਤ ਬ੍ਰਿਟਿਸ਼ ਕੋਲੰਬੀਆ ਵਿਚਲੇ ਬਹੁਤ ਸਾਰੇ ਟਰੱਸਟੀਆਂ ਲਈ ਨਵੀਂ ਹੈ, ਪਰ ਦੂਜੇ ਸੂਬਿਆਂ ਅਤੇ ਸਟੇਟਾਂ ਦੇ ਟਰੱਸਟੀ, ਕਈ ਸਾਲਾਂ ਤੋਂ ਟਰੱਸਟ ਇਨਵੈਸਟਮੈਂਟਾਂ ਦੀ ਅਜਿਹੀਆਂ ਸ਼ਰਤਾਂ ਹੇਠ ਸੰਭਾਲ ਕਰ ਰਹੇ ਹਨ। ਇਨ੍ਹਾਂ ਦੂਜੇ ਇਲਾਕਿਆਂ ਦੇ ਤਜਰਬਿਆਂ ਮੁਤਾਬਕ, ਸਿਆਣੇ ਇਨਵੈਸਟਰ ਦੀ ਪਰਿਭਾਸ਼ਾ ਦਾ ਆਮ ਤੌਰ 'ਤੇ ਮਤਲਬ ਇਹ ਹੈ:

- ਇਨਵੈਸਟਮੈਂਟਾਂ ਨੂੰ ਜ਼ਰੂਰੀ ਬਣਾਉਣਾ ਜਿਹੜਾ ਕਿ ਕੋਈ ਸਿਆਣਾ ਇਨਵੈਸਟਰ ਪੂੰਜੀ ਨੂੰ ਬਚਾਉਣ ਅਤੇ ਆਮਦਨ ਪ੍ਰਦਾਨ ਕਰਨ ਲਈ ਕਰੇਗਾ।
- ਖਤਰੇ ਅਤੇ ਮੁਨਾਫਿਆਂ ਦੇ ਉਦੇਸ਼ ਵਾਜਬ ਅਤੇ ਢੁਕਵੇਂ ਹੋਣੇ ਜ਼ਰੂਰੀ ਹਨ।
- ਇਨਵੈਸਟਮੈਂਟਾਂ ਦੀ ਵਾਜਬ ਵਿਭਿੰਨਤਾ (ਡਾਇਵਰਸੀਫੀਕੇਸ਼ਨ) ਪ੍ਰਦਾਨ ਕਰਨਾ।
- ਇਨਵੈਸਟਮੈਂਟ ਦਾ ਅਧਿਕਾਰ ਕਿਸੇ ਏਜੰਟ ਨੂੰ ਦੇਣ ਵੇਲੇ ਸਿਆਣਪ ਨਾਲ ਕੰਮ ਕਰਨਾ।
- ਟਰੱਸਟੀ ਨੂੰ ਸਿਰਫ ਉਹ ਖਰਚੇ ਹੀ ਲੈਣੇ ਚਾਹੀਦੇ ਹਨ ਜਿਹੜੇ ਵਾਜਬ ਅਤੇ ਢੁਕਵੇਂ ਹਨ।
- ਇਨਵੈਸਟਮੈਂਟਾਂ ਦੀ ਸੰਭਾਲ ਕਰਨ ਲਈ ਸੰਤੁਲਤ ਪਹੁੰਚ ਅਪਣਾਉਣਾ।

ਇਨਵੈਸਟਮੈਂਟਾਂ ਦੀ ਸੰਭਾਲ ਕਰਨ ਲਈ ਲੋੜੀਂਦੇ ਖਿਆਲ ਰੱਖਣ ਦੇ ਪੱਧਰ ਕਾਰਨ, ਤੁਸੀਂ ਕਿਸੇ ਇਨਵੈਸਟਮੈਂਟ ਪ੍ਰੋਫੈਸ਼ਨਲ (ਮਾਹਰ) ਦੀ ਮਦਦ ਲੈਣਾ ਚਾਹੁੰਦੇ ਹੋ ਸਕਦੇ ਹੋ।

## ਇਨਵੈਸਟਮੈਂਟ ਦੇ ਖਤਰੇ

ਇਨਵੈਸਟਮੈਂਟਾਂ ਨਾਲ ਕਈ ਵਿੱਤੀ ਖਤਰੇ ਜੁੜੇ ਹੋਏ ਹਨ, ਖਾਸ ਕਰਕੇ ਜਦੋਂ ਤੁਸੀਂ ਕਿਸੇ ਹੋਰ ਦੀਆਂ ਇਨਵੈਸਟਮੈਂਟਾਂ ਦੀ ਸੰਭਾਲ ਕਰ ਰਹੇ ਹੁੰਦੇ ਹੋ। ਕਮੇਟੀ ਵਜੋਂ ਕੰਮ ਕਰਦੇ ਹੋਏ ਜੇ ਇਨਵੈਸਟਮੈਂਟ ਵਿਚ ਘਾਟਾ ਪੈਂਦਾ ਹੈ ਤਾਂ ਤੁਹਾਨੂੰ ਨਿੱਜੀ ਰੂਪ ਵਿਚ ਇਸ ਨੁਕਸਾਨ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਟਰੱਸਟੀ ਐਕਟ ਕਹਿੰਦਾ ਹੈ ਕਿ ਇਨਵੈਸਟਮੈਂਟ ਵਿਚ ਕਿਸੇ ਘਾਟੇ ਲਈ ਤੁਹਾਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਜੇ ਘਾਟਾ ਪੈਣ ਦਾ ਕਾਰਨ ਬਣਿਆ ਤੁਹਾਡਾ ਵਤੀਰਾ ਕਿਸੇ ਇਨਵੈਸਟਮੈਂਟ ਪਲੈਨ ਜਾਂ ਜੁਗਤ ਅਨੁਸਾਰ ਸੀ, ਜਿਸ ਵਿਚ ਖਤਰੇ ਅਤੇ ਮੁਨਾਫੇ ਦੀ ਵਾਜਬ ਅਸੈੱਸਮੈਂਟ ਸ਼ਾਮਲ ਸੀ ਜਿਹੜਾ ਇਹੋ ਜਿਹੀਆਂ ਹਾਲਤਾਂ ਅਧੀਨ ਕਿਸੇ ਸਿਆਣੇ ਇਨਵੈਸਟਰ ਨੇ ਅਪਣਾਉਣਾ ਸੀ। ਵਿਅਕਤੀ ਦੀ ਇਨਵੈਸਟਮੈਂਟ ਲਈ ਇਨਵੈਸਟਮੈਂਟ ਦੀ ਪਲੈਨ ਜਾਂ ਜੁਗਤ ਤਿਆਰ ਕਰਨ ਵੇਲੇ,

ਪ੍ਰਾਈਵੇਟ ਕਮੇਟੀ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
#700 - 808 West Hastings Street
Vancouver, BC V6C 3L3

PUBLIC GUARDIAN AND TRUSTEE OF BRITISH COLUMBIA

ਫੋਨ: 604.660.1500
ਫੈਕਸ: 604.660.4456
ਵੈੱਬਸਾਈਟ: www.trustee.bc.ca

ਕਮੇਟੀ ਨੂੰ ਪੋਰਟਫੋਲੀਓ ਦੇ ਖਤਰੇ ਨੂੰ ਸਮੁੱਚੇ ਤੌਰ 'ਤੇ ਵਾਜਬ ਪੱਧਰ 'ਤੇ ਰੱਖਣ ਦੀ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਦਾਹਰਣ ਲਈ, ਟਿਕਾਊ ਆਮਦਨ ਦੀ ਲੋੜ ਅਜਿਹੀ ਜੁਗਤ ਦਾ ਸੁਝਾਅ ਦੇਵੇਗੀ ਜਿਹੜੀ ਐਸਿਟਸ ਦੀ ਕੀਮਤ ਵਿਚ ਉਤਾਰ ਚੜ੍ਹਾ ਨੂੰ ਸੀਮਤ ਕਰਦੀ ਹੈ। ਕਿਸੇ ਬਾਲਗ ਦੀ ਇਸਟੇਟ ਦਾ ਬੇਲੋੜੇ ਖਤਰਿਆਂ ਦੇ ਸੰਪਰਕ ਵਿਚ ਨਾ ਆਉਣਾ ਜ਼ਰੂਰੀ ਹੈ। ਕੋਈ ਸਿਆਣਾ ਇਨਵੈਸਟਰ ਕਿਸੇ ਬਾਲਗ ਦੀ ਇਸਟੇਟ ਨੂੰ ਖਤਰੇ ਦੇ ਉਸ ਪੱਧਰ ਤੱਕ ਹੀ ਅਰੱਖਿਅਤ ਕਰਦਾ ਹੈ ਜਿਹੜਾ ਬਾਲਗ ਦੇ ਵਿੱਤੀ ਉਦੇਸ਼ ਪ੍ਰਾਪਤ ਕਰਨ ਲਈ ਇਨਵੈਸਟਮੈਂਟ ਦੇ ਮੁਨਾਫੇ ਨਾਲ ਜੁੜਿਆ ਹੁੰਦਾ ਹੈ। ਖਤਰੇ ਘਟਾਉਣ ਦੇ ਮਹੱਤਵਪੂਰਨ ਤਰੀਕੇ ਹਨ:

- ਇਨਵੈਸਟਮੈਂਟ ਦੀ ਪਲੈਨ ਨੂੰ ਲਿਖਤੀ ਰੂਪ ਵਿਚ ਤਿਆਰ ਕਰਨਾ
- ਪ੍ਰੋਫੈਸ਼ਨਲ ਮਦਦ ਲੈਣਾ
- ਇਨਵੈਸਟਮੈਂਟਾਂ ਕਰਨ ਵੇਲੇ ਵਿਭਿੰਨਤਾ
- ਬਚਾਵੇਂ ਢੰਗ ਨਾਲ ਇਨਵੈਸਟ ਕਰਨਾ (ਘੱਟ ਤੋਂ ਘੱਟ ਖਤਰੇ)
- ਇਨਵੈਸਟਮੈਂਟ ਦੀ ਕਾਰਗੁਜ਼ਾਰੀ 'ਤੇ ਨੇਮ ਨਾਲ ਨਿਗਰਾਨੀ ਰੱਖਣਾ।

ਇਹ ਭਾਗ ਲਿਖਤੀ ਇਨਵੈਸਟਮੈਂਟ ਪਲੈਨ ਜਾਂ ਜੁਗਤ ਤਿਆਰ ਕਰਨ, ਕਿਸੇ ਯੋਗਤਾ ਪ੍ਰਾਪਤ ਪ੍ਰੋਫੈਸ਼ਨਲ ਇਨਵੈਸਟਮੈਂਟ ਸਲਾਹਕਾਰ ਦੀ ਮਦਦ ਲੈਣ ਦੀ ਲੋੜ, ਅਤੇ ਉਨ੍ਹਾਂ ਇਨਵੈਸਟਮੈਂਟਾਂ ਦੀ ਕਾਰਗੁਜ਼ਾਰੀ 'ਤੇ ਨਿਗਰਾਨੀ ਰੱਖਣ ਦੀ ਮਹੱਤਤਾ ਬਾਰੇ ਦੱਸਦਾ ਹੈ ਜਿਨ੍ਹਾਂ ਦੀ ਸੰਭਾਲ ਲਈ ਤੁਸੀਂ ਜ਼ਿੰਮੇਵਾਰ ਹੋ।

## ਪ੍ਰੋਫੈਸ਼ਨਲ ਮਦਦ:

ਕਿਸੇ ਵਿਅਕਤੀ ਦੇ ਮਾਮਲਿਆਂ ਦੀ ਸਿਆਣੇ ਇਨਵੈਸਟਰ ਵਜੋਂ ਸੰਭਾਲ ਕਰਨ ਦੀ ਤੁਹਾਡੀ ਕਾਨੂੰਨੀ ਜ਼ਿੰਮੇਵਾਰੀ ਹੈ। ਪਰ, ਤੁਹਾਡੇ ਤੋਂ ਇਨਵੈਸਟਮੈਂਟ ਦੇ ਉਸ ਗਿਆਨ ਜਾਂ ਤਜਰਬੇ ਦੀ ਉਮੀਦ ਨਹੀਂ ਰੱਖੀ ਜਾਂਦੀ ਜਿਹੜਾ ਬਹੁਤੇ ਪ੍ਰੋਫੈਸ਼ਨਲ ਇਨਵੈਸਟਰਾਂ ਕੋਲ ਹੁੰਦਾ ਹੈ। ਟਰੱਸਟੀ ਐਕਟ ਤੁਹਾਨੂੰ ਬਾਲਗ ਦੀਆਂ ਇਨਵੈਸਟਮੈਂਟਾਂ ਦੀ ਸੰਭਾਲ ਕਿਸੇ ਏਜੰਟ ਨੂੰ ਦੇਣ ਦੀ ਆਗਿਆ ਦਿੰਦਾ ਹੈ। ਕਮੇਟੀ ਵਜੋਂ, ਤੁਸੀਂ ਇਨਵੈਸਟਮੈਂਟ ਦੀ ਜ਼ਿੰਮੇਵਾਰੀ ਕਿਸੇ ਏਜੰਟ ਨੂੰ ਦੇ ਸਕਦੇ ਹੋ ਜਦੋਂ ਤੁਸੀਂ ਇਨਵੈਸਟਮੈਂਟ ਦੇ ਉਦੇਸ਼ਾਂ ਦਾ ਪਤਾ ਲਾ ਲਿਆ ਅਤੇ ਜੇ ਤੁਸੀਂ ਇਨ੍ਹਾਂ ਚੀਜ਼ਾਂ ਵਿਚ ਸਿਆਣਪ ਵਰਤਦੇ ਹੋ:

- ਏਜੰਟ ਦੀ ਚੋਣ ਕਰਨ ਵਿਚ
- ਦਿੱਤੇ ਗਏ ਅਧਿਕਾਰ ਦੀਆਂ ਸ਼ਰਤਾਂ ਅਤੇ ਸੀਮਾਵਾਂ ਤਹਿ ਕਰਨ ਵਿਚ
- ਏਜੰਟ ਨੂੰ ਇਨਵੈਸਟਮੈਂਟ ਦੇ ਉਦੇਸ਼ਾਂ ਤੋਂ ਜਾਣੂ ਕਰਾਉਣ ਵਿਚ
- ਏਜੰਟ ਦੀ ਕਾਰਗੁਜ਼ਾਰੀ 'ਤੇ ਨਿਗਰਾਨੀ ਰੱਖਣ ਵਿਚ ਤਾਂ ਜੋ ਇਹ ਪੱਕਾ ਹੋਵੇ ਕਿ ਦਿੱਤੇ ਗਏ ਅਧਿਕਾਰ ਦੀਆਂ ਸ਼ਰਤਾਂ ਦੀ ਪਾਲਣਾ ਹੋ ਰਹੀ ਹੈ।

ਬਹੁਤ ਸਾਰੀਆਂ ਸੰਸਥਾਵਾਂ ਅਤੇ ਪ੍ਰੋਫੈਸ਼ਨਲ ਹਨ ਜਿਹੜੇ ਇਨਵੈਸਟਮੈਂਟ ਬਾਰੇ ਸਲਾਹ ਦੀਆਂ ਸੇਵਾਵਾਂ ਦਿੰਦੇ ਹਨ ਅਤੇ ਇਨ੍ਹਾਂ ਵਿਚ ਬਰੋਕਰੇਜ ਫਰਮਾਂ, ਵਿੱਤੀ ਸਲਾਹਕਾਰ ਅਤੇ ਵਿੱਤੀ ਪਲੈਨਰ ਸ਼ਾਮਲ ਹਨ। ਕਿਸੇ ਏਜੰਟ ਦੀ ਚੋਣ ਕਰਨ ਵੇਲੇ, ਤੁਸੀਂ ਇਹ ਪੱਕਾ ਕਰਨਾ ਚਾਹੁੰਦੇ ਹੋ ਕਿ ਉਹ ਸੂਝਵਾਨ, ਨਾਮੀ, ਭਰੋਸੇਯੋਗ ਹਨ ਅਤੇ ਸਿਆਣੇ ਇਨਵੈਸਟਰਾਂ ਵਜੋਂ ਕੰਮ ਕਰਨ ਲਈ ਟਰੱਸਟੀਆਂ ਦੀਆਂ ਕਾਨੂੰਨੀ ਸ਼ਰਤਾਂ ਨੂੰ ਸਮਝਦੇ ਹਨ। ਤੁਸੀਂ ਇਹ ਪੱਕਾ ਕਰਨਾ ਚਾਹੁੰਦੇ ਹੋ ਕਿ ਸੰਭਾਵੀ ਇਨਵੈਸਟਮੈਂਟ ਸਲਾਹਕਾਰਾਂ ਵਲੋਂ ਦੱਸੀਆਂ ਗਈਆਂ ਫੀਸਾਂ ਮੁਕਾਬਲਾਕਾਰੀ ਅਤੇ ਵਾਜਬ ਹਨ। ਇਹ ਪੱਕਾ ਕਰੋ ਕਿ ਤੁਸੀਂ ਸਾਰੀਆਂ ਫੀਸਾਂ ਅਤੇ ਕਮਿਸ਼ਨਾਂ ਦਾ ਵੇਰਵਾ ਪੁੱਛ ਲਿਆ ਹੈ ਕਿਉਂਕਿ ਕੁਝ ਇਨਵੈਸਟਮੈਂਟ ਪ੍ਰੋਡਕਟਸ ਜਿਵੇਂ ਕਿ ਮਿਉਚਲ ਫੰਡਾਂ ਅਤੇ ਸੈਗਰੇਗੇਟਿਡ ਫੰਡਾਂ ਦੀ ਮੈਨੇਜਮੈਂਟ ਦੀਆਂ ਲੁਕਵੀਆਂ ਫੀਸਾਂ ਹੋ ਸਕਦੀਆਂ ਹਨ (ਲੋਡ ਫੀਸਾਂ ਅਤੇ ਪ੍ਰਬੰਧਕੀ ਫੀਸਾਂ) ਜਿਹੜੀਆਂ ਇਨਵੈਸਟਮੈਂਟਾਂ ਦੇ ਇਕ ਖਾਸ ਸਮੇਂ ਦੇ ਵਿਚ ਵਿਚ ਵੇਚੇ ਜਾਣ 'ਤੇ ਸ਼ੁਰੂ ਹੋ ਸਕਦੀਆਂ ਹਨ।

ਪ੍ਰਾਈਵੇਟ ਕਮੇਟੀ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
#700 - 808 West Hastings Street
Vancouver, BC V6C 3L3

PUBLIC GUARDIAN AND TRUSTEE OF BRITISH COLUMBIA

ਫੋਨ: 604.660.1500
ਫੈਕਸ: 604.660.4456
ਵੈੱਬਸਾਈਟ: www.trustee.bc.ca

## ਵਿਅਕਤੀ ਦੇ ਵਿੱਤੀ ਉਦੇਸ਼ਾਂ/ਟੀਚਿਆਂ ਦੀ ਪਛਾਣ ਕਰੋ

ਕੋਈ ਇਨਵੈਸਟਮੈਂਟ ਪਲੈਨ ਬਣਾਉਣ ਲਈ ਪਹਿਲਾ ਕਦਮ ਉਸ ਵਿਅਕਤੀ ਦੇ ਵਿੱਤੀ ਉਦੇਸ਼ਾਂ ਦਾ ਪਤਾ ਲਾਉਣਾ ਹੈ ਜਿਸ ਦੇ ਮਾਮਲਿਆਂ ਦੀ ਸੰਭਾਲ ਤੁਸੀਂ ਕਰ ਰਹੇ ਹੋ। ਇਹ ਕਰਨ ਲਈ, ਤੁਹਾਨੂੰ ਇਹ ਜਾਣਨ ਦੀ ਲੋੜ ਹੈ ਕਿ ਤੁਸੀਂ ਕਿਸ ਚੀਜ਼ ਦੀ ਸੰਭਾਲ ਕਰ ਰਹੇ ਹੋ। ਤੁਹਾਨੂੰ ਪਹਿਲਾਂ ਹੀ ਬਾਲਗ ਦੀ ਸੰਪਤੀ ਅਤੇ ਦੇਣਦਾਰੀਆਂ ਦਾ ਕਾਫੀ ਪਤਾ ਹੋਵੇਗਾ। ਇਸ ਜਾਣਕਾਰੀ ਦੀ ਵਰਤੋਂ ਕਰਦੇ ਹੋਏ ਤੁਸੀਂ ਤੁਸੀਂ ਕੁੱਲ ਕੀਮਤ ਦੀ ਸਟੇਟਮੈਂਟ ਤਿਆਰ ਕਰ ਸਕਦੇ ਹੋ (ਕੁੱਲ ਸੰਪਤੀ ਵਿੱਚੋਂ ਦੇਣਦਾਰੀਆਂ ਘਟਾ ਕੇ ਕੁੱਲ ਕੀਮਤ ਬਣਦੀ ਹੈ) ਜਿਹੜੀ ਇਹ ਪਛਾਣ ਕਰਨ ਵਿਚ ਤੁਹਾਡੀ ਮਦਦ ਕਰੇਗੀ ਕਿ ਕਿਹੜੀ ਸੰਪਤੀ ਇਨਵੈਸਟ ਕੀਤੀ ਜਾਣੀ ਚਾਹੀਦੀ ਹੈ। ਅਗਾਂਹ, ਤੁਹਾਨੂੰ ਇਕ ਬੱਜਟ ਤਿਆਰ ਕਰਨਾ ਚਾਹੀਦਾ ਹੈ ਜਿਹੜਾ ਬਾਲਗ ਦੀ ਮੌਜੂਦ ਆਮਦਨ ਅਤੇ ਖਰਚਿਆਂ ਬਾਰੇ ਦੱਸਦਾ ਹੋਵੇ ਤਾਂ ਜੋ ਇਹ ਪਤਾ ਲੱਗੇ ਕਿ ਕੀ ਪੌਜ਼ਟਿਵ ਕੈਸ਼ ਫਲੋਅ ਹੈ (ਜਾਇਦਾਦ ਦੀ ਕੀਮਤ ਵਧ ਰਹੀ ਹੈ) ਜਾਂ ਨੈਗਟਿਵ ਕੈਸ਼ ਫਲੋਅ ਹੈ (ਜਾਇਦਾਦ ਦੀ ਕੀਮਤ ਘਟ ਰਹੀ ਹੈ)। ਬੱਜਟ ਬਣਾਉਣਾ ਸਦਾ ਹੀ ਇਕ ਚੰਗਾ ਅਮਲ ਹੈ ਕਿਉਂਕਿ ਇਹ ਇਕ ਮਾਇਕ ਨਕਸ਼ਾ ਪ੍ਰਦਾਨ ਕਰਦਾ ਹੈ ਜਿਸ ਦੀ ਪਾਲਣਾ ਤੁਸੀਂ ਕਮੇਟੀਸ਼ਿਪ ਦੌਰਾਨ ਕਰ ਸਕਦੇ ਹੋ।

ਇਕ ਵਾਰ ਜਦੋਂ ਤੁਹਾਨੂੰ ਮੌਜੂਦਾ ਆਮਦਨ ਅਤੇ ਖਰਚਿਆਂ ਦੀ ਸਮਝ ਲੱਗ ਗਈ ਤਾਂ ਤੁਹਾਨੂੰ ਉਨ੍ਹਾਂ ਕੋਈ ਵੀ ਮਹੱਤਵਪੂਰਨ ਖਰਚਿਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਹੜੇ ਭਵਿੱਖ ਵਿਚ ਆ ਸਕਦੇ ਹਨ। ਆਮ ਉਦਾਹਰਣਾਂ ਵਿਚ ਸ਼ਾਮਲ ਹਨ, ਡਾਕਟਰੀ ਖਰਚੇ, ਸੰਭਾਲ ਕਰਨ ਵਾਲੇ/ਸਾਥ ਦੇਣ ਵਾਲੇ ਦੇ ਖਰਚੇ, ਸਫਰ ਕਰਨ ਦੇ ਖਰਚੇ, ਕੋਈ ਖਾਸ ਗੱਡੀ ਲੈਣ ਦੇ ਖਰਚੇ, ਰੈਨੋਵੇਸ਼ਨਾਂ, ਜਾਂ ਕਿਸੇ ਘਰ ਦੀ ਖਰੀਦ ਜੋ ਕਿ ਆਮ ਤੌਰ ’ਤੇ ਜਵਾਨ ਬਾਲਗ ਲਈ ਹੁੰਦਾ ਹੈ। ਜਿਹੜੇ ਹੋਰ ਪੱਖਾਂ ’ਤੇ ਵਿਚਾਰ ਕਰਨੀ ਹੈ, ਉਨ੍ਹਾਂ ਵਿਚ ਸ਼ਾਮਲ ਹਨ, ਇਨਕਮ ਟੈਕਸ ਦੀਆਂ ਸੰਭਾਵਨਾਵਾਂ, ਸਮੇਂ ਦੀ ਸੀਮਾ, ਬਾਲਗ ਦੀ ਖਤਰਾ ਸਹਿਣ ਦੀ ਸ਼ਕਤੀ, ਅਤੇ ਇਨਵੈਸਟਮੈਂਟ ਦੀਆਂ ਕੋਈ ਪੁਰਾਣੀਆਂ ਤਰਜੀਹਾਂ। ਇਨ੍ਹਾਂ ਚੀਜ਼ਾਂ ’ਤੇ ਵਿਚਾਰ ਕਰਨ ਤੋਂ ਬਾਅਦ, ਤੁਹਾਨੂੰ ਵਿਅਕਤੀ ਦੇ ਵਿੱਤੀ ਉਦੇਸ਼ਾਂ ਦੀ ਸਮਝ ਪੈ ਜਾਣੀ ਚਾਹੀਦੀ ਹੈ।

## ਇਨਵੈਸਟਮੈਂਟ ਦੀ ਪਲੈਨ/ਜੁਗਤ ਤਿਆਰ ਕਰੋ

ਕਿਸੇ ਵਿਅਕਤੀ ਦੇ ਵਿੱਤੀ ਉਦੇਸ਼ਾਂ ਦੀ ਪਛਾਣ ਕਰ ਲੈਣ ਤੋਂ ਬਾਅਦ ਅਗਲਾ ਕਦਮ ਉਹ ਉਦੇਸ਼ ਪੂਰੇ ਕਰਨ ਲਈ ਇਨਵੈਸਟਮੈਂਟ ਦੀ ਲੋੜੀਂਦੀ ਆਮਦਨ ਦਾ ਪਤਾ ਲਾਉਣਾ ਹੈ ਅਤੇ ਫਿਰ ਇਹ ਟੀਚੇ ਪੂਰੇ ਕਰਨ ਲਈ ਇਨਵੈਸਟਮੈਂਟ ਪਲੈਨ/ਜੁਗਤ ਤਿਆਰ ਕਰਨਾ ਹੈ। ਉਹ ਮੁੱਖ ਵਿਚਾਰਾਂ ਜਿਹੜੀਆਂ ਕਿਸੇ ਵੀ ਇਨਵੈਸਟਮੈਂਟ ਪਲੈਨ ਵਿਚ ਸ਼ਾਮਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਉਹ ਹਨ ਮੌਜੂਦਾ ਆਰਥਿਕ ਹਾਲਤਾਂ, ਮਾਰਕੀਟ ਦੀਆਂ ਮੌਜੂਦਾ ਹਾਲਤਾਂ, ਵਿਭਿੰਨਤਾ (ਡਾਇਵਰਸੀਫੀਕੇਸ਼ਨ), ਇਨਵੈਸਟਮੈਂਟਾਂ ਦੀ ਲਿਕਉਡਿਟੀ (ਸੌਖ ਨਾਲ ਹੀ ਨਗਦੀ ਵਿਚ ਤਬਦੀਲ ਹੋਣਾ), ਅਤੇ ਇਨਵੈਸਟਮੈਂਟ ਪਲੈਨ ਦੀ ਵਾਜਬਤਾ। ਇਹ ਜੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਇਨਵੈਸਟਮੈਂਟ ਦੀ ਜੁਗਤ ਤਿਆਰ ਕਰਨ ਵਿਚ ਮਦਦ ਲਈ ਤੁਸੀਂ ਕਿਸੇ ਯੋਗਤਾ ਪ੍ਰਾਪਤ ਇਨਵੈਸਟਮੈਂਟ ਸਲਾਹਕਾਰ ਤੋਂ ਪ੍ਰੋਫੈਸ਼ਨਲ ਮਦਦ ਲਉ।

## ਇਨਵੈਸਟਮੈਂਟ ਦੀਆਂ ਚੋਣਾਂ

ਸਿਆਣੇ ਇਨਵੈਸਟਰ ਵਜੋਂ ਤੁਸੀਂ ਕਿਸੇ ਵੀ ਸਕਿਉਰਟੀ ਜਾਂ ਇਨਵੈਸਟਮੈਂਟ ਵਿਚ ਇਨਵੈਸਟ ਕਰਨ ਦੇ ਯੋਗ ਹੋ ਜਿਹੜੀ ਤੁਹਾਡੀ ਦੱਸੀ ਗਈ ਇਨਵੈਸਟਮੈਂਟ ਪਲੈਨ/ਜੁਗਤ ਦੇ ਮੁਤਾਬਕ ਹੈ। ਕੁਝ ਜ਼ਿਆਦਾ ਆਮ ਇਨਵੈਸਟਮੈਂਟ ਪ੍ਰੋਡਕਟਸ ਜਾਂ ਸਕਿਉਰਟੀਜ਼ ਜਿਨ੍ਹਾਂ ਵਿਚ ਤੁਸੀਂ ਫੰਡ ਇਨਵੈਸਟ ਕਰ ਸਕਦੇ ਹੋ ਇਹ ਹਨ, ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ:

<u>ਡੈੱਟ ਸਕਿਉਰਟੀਜ਼</u>

- ਗੁਰਾਂਟਿਡ ਇਨਵੈਸਟਮੈਂਟ ਸਰਟੀਫਿਕੇਟਸ (ਜੀ ਆਈ ਸੀਜ਼)
- ਟਰੈਜ਼ਰੀ ਬਿੱਲਜ਼ (ਟੀ-ਬਿੱਲਜ਼)
- ਸੇਵਿੰਗਜ਼ ਬੌਂਡਜ਼

ਪ੍ਰਾਈਵੇਟ ਕਮੇਟੀ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
#700 - 808 West Hastings Street
Vancouver, BC V6C 3L3

PUBLIC GUARDIAN AND TRUSTEE OF BRITISH COLUMBIA

ਫੋਨ: 604.660.1500
ਫੈਕਸ: 604.660.4456
ਵੈੱਬਸਾਈਟ: www.trustee.bc.ca

- ਬੌਂਡਜ਼
- ਡੀਬੈਂਚਰਜ਼

ਇਕੁਇਟੀ ਸਕਿਉਰਟੀਜ਼

- ਆਮ ਸ਼ੇਅਰ
- ਤਰਜੀਹੀ ਸ਼ੇਅਰ

ਇਨਵੈਸਟਮੈਂਟ ਫੰਡਜ਼

- ਮਿਉਚਲ ਫੰਡਜ਼
- ਸੈਗਰੇਗੇਟਿਡ ਫੰਡਜ਼
- ਕਲੋਜ਼ਡ-ਐਂਡ ਇਨਵੈਸਟਮੈਂਟ ਫੰਡਜ਼
- ਲੇਬਰ ਸਪੌਂਸਰਡ ਇਨਵੈਸਟਮੈਂਟ ਫੰਡਜ਼

## ਇਨਸ਼ੋਰਡ ਡਿਪਾਜ਼ਿਟ

ਅਸੀਂ ਜੋਰਦਾਰ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਪੈਸੇ ਸਿਰਫ ਬੈਂਕਾਂ, ਕਰੈਡਿਟ ਯੂਨੀਅਨਾਂ ਅਤੇ ਉਨ੍ਹਾਂ ਹੋਰ ਵਿੱਤੀ ਸੰਸਥਾਵਾਂ ਵਿਚ ਹੀ ਜਮ੍ਹਾਂ ਕਰਵਾਉ ਜਿਹੜੀਆਂ ਕੈਨੇਡਾ ਡਿਪਾਜ਼ਿਟ ਇਨਸ਼ੋਰੈਂਸ ਕਾਰਪੋਰੇਸ਼ਨ (ਸੀ ਡੀ ਆਈ ਸੀ), ਜਾਂ ਕਰੈਡਿਟ ਯੂਨੀਅਨ ਡਿਪਾਜ਼ਿਟ ਇਨਸ਼ੋਰੈਂਸ ਕਾਰਪੋਰੇਸ਼ਨ (ਸੀ ਯੂ ਡੀ ਆਈ ਸੀ) ਦੀਆਂ ਮੈਂਬਰ ਹਨ। ਮੈਂਬਰ ਸੰਸਥਾਵਾਂ ਵਿਚ ਜਮ੍ਹਾਂ ਕਰਵਾਏ ਗਏ ਪੈਸੇ ਖਾਸ ਹੱਦਾਂ ਤੱਕ ਆਪਣੇ ਆਪ ਹੀ ਘਾਟੇ ਦੇ ਖਿਲਾਫ ਇਨਸ਼ੋਰਡ ਹੋ ਜਾਂਦੇ ਹਨ। ਬੈਂਕਾਂ ਲਈ ਇਨਸ਼ੋਰੈਂਸ ਦੀ ਹੱਦ ਇਸ ਵੇਲੇ 60,000 ਡਾਲਰ ਹੈ ਅਤੇ ਕਰੈਡਿਟ ਯੂਨੀਅਨਾਂ ਲਈ 100,000 ਡਾਲਰ ਹੈ। ਤੁਸੀਂ ਇਸ ਹੱਦ ਅੰਦਰ ਕਿਸੇ ਵੀ ਸੰਸਥਾ ਨਾਲ ਰਕਮ ਰੱਖਣੀ ਚਾਹੁੰਦੇ ਹੋ ਸਕਦੇ ਹੋ।

## ਨਿੱਜੀ ਲੋਨ

ਆਪਣੇ ਆਪ ਨੂੰ ਅਤੇ ਆਪਣੇ ਨਾਲ ਸੰਬੰਧਿਤ ਵਿਅਕਤੀਆਂ ਨੂੰ ਲੋਨ ਦੇਣਾ ਗਲਤ ਇਨਵੈਸਟਮੈਂਟ ਸਮਝਿਆ ਜਾਂਦਾ ਹੈ ਜਦੋਂ ਅਸੀਂ ਕਮੇਟੀਸ਼ਿਪ ਦੇ ਅਕਾਊਂਟਾਂ ਦਾ ਰਿਵੀਊ ਕਰਦੇ ਹਾਂ ਕਿਉਂ ਕਿ ਇਹ ਸਿੱਧਾ ਹਿੱਤਾਂ ਦਾ ਟਕਰਾਅ ਹੈ। ਅਦਾਲਤ ਵਲੋਂ ਨਿਯੁਕਤ ਕੀਤੇ ਜਾਣ ਵੇਲੇ, ਕਮੇਟੀਆਂ ਨੂੰ ਕਿਸੇ ਹੋਰ ਦੇ ਮਾਮਲੇ ਸੰਭਾਲਣ ਲਈ ਟਰੱਸਟ ਦੀ ਪੋਜ਼ੀਸ਼ਨ ਵਿਚ ਰੱਖਿਆ ਜਾਂਦਾ ਹੈ ਅਤੇ ਉਹ ਕਿਸੇ ਤਰ੍ਹਾਂ ਵੀ ਉਨ੍ਹਾਂ ਫੰਡਾਂ ਤੋਂ ਫਾਇਦਾ ਨਹੀਂ ਲੈ ਸਕਦੇ ਜਿਨ੍ਹਾਂ ਦੀ ਸੰਭਾਲ ਕਰਨ ਲਈ ਉਹ ਜ਼ਿੰਮੇਵਾਰ ਹਨ। ਇਸ ਦੇ ਨਾਲ ਹੀ, ਕਮੇਟੀਆਂ ਆਪਣੇ ਵਲੋਂ ਕੀਤੇ ਜਾਣ ਵਾਲੇ ਫੈਸਲਿਆਂ ਲਈ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਨੂੰ ਬਾਲਗ ਦੇ ਮਾਮਲਿਆਂ ਦੀ ਸੰਭਾਲ ਕਰਨ ਵੇਲੇ ਇਨਵੈਸਟਮੈਂਟ ਘਾਟਿਆਂ ਦੇ ਖਤਰੇ ਘੱਟ ਤੋਂ ਘੱਟ ਰੱਖਣ ਦੀ ਹੋਰ ਕੋਸ਼ਿਸ਼ ਕਰਨੀ ਚਾਹੀਦੀ ਹੈ।

## ਰੀਅਲ ਇਸਟੇਟ

ਕਿਰਾਏ ਦੀ ਆਮਦਨ ਦੇ ਮੰਤਵ ਜਾਂ ਡਿਵੈਲਪਮੈਂਟ ਦੇ ਮੰਤਵਾਂ ਲਈ ਰੀਅਲ ਇਸਟੇਟ ਇਨਵੈਸਟਮੈਂਟਾਂ ਕਰਨਾ ਬਹੁਤ ਖਤਰੇ ਵਾਲਾ ਹੋ ਸਕਦਾ ਹੈ। ਅਜਿਹੀਆਂ ਇਨਵੈਸਟਮੈਂਟਾਂ ਲਈ ਵੱਡੀ ਪੂੰਜੀ (ਡਾਲਰਾਂ) ਦੀ ਲੋੜ ਹੁੰਦੀ ਹੈ ਜਦ ਕਿ ਇਨਵੈਸਟਮੈਂਟ ਤੋਂ ਉਮੀਦ ਕੀਤਾ ਜਾਂਦਾ ਮੁਨਾਫਾ ਰੀਅਲ ਇਸਟੇਟ ਵਿਚ ਵਾਧੇ (ਕੀਮਤ ਵਿਚ ਉਤਾਰ ਚੜ੍ਹਾ) ਨਾਲ ਜੁੜਿਆ ਹੁੰਦਾ ਹੈ। ਬਹੁਤੀਆਂ ਕਮੇਟੀਸ਼ਿਪਾਂ ਲਈ ਇਸ ਕਿਸਮ ਦੀ ਇਨਵੈਸਟਮੈਂਟ ਸਿਆਣੀ ਨਹੀਂ ਸਮਝੀ ਜਾਵੇਗੀ। ਜੇ ਤੁਸੀਂ ਰੀਅਲ ਇਸਟੇਟ ਵਿਚ ਇਨਵੈਸਟ ਕਰਨਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਇਸ ਮਾਮਲੇ ਬਾਰੇ ਹੋਰ ਵਿਚਾਰ ਕਰਨ ਲਈ ਆਪਣੇ ਕਮੇਟੀ ਰਿਵੀਊ ਅਫਸਰ ਨਾਲ ਸੰਪਰਕ ਕਰੋ।

ਜਿਸ ਵਿਅਕਤੀ ਲਈ ਤੁਸੀਂ ਕਮੇਟੀ ਹੋ, ਉਸ ਕੋਲ ਪਹਿਲਾਂ ਹੀ ਰੀਅਲ ਇਸਟੇਟ ਹੋ ਸਕਦੀ ਹੈ ਜਾਂ ਉਸ ਨੂੰ ਰਹਿਣ ਲਈ ਘਰ ਚਾਹੀਦਾ ਹੋ ਸਕਦਾ ਹੈ। ਬਾਲਗ ਦੇ ਰਹਿਣ ਲਈ ਘਰ ਨੂੰ ਕਾਇਮ ਰੱਖਣਾ ਜਾਂ ਘਰ ਖਰੀਦਣਾ ਇਕ ਢੁਕਵੀਂ ਇਨਵੈਸਟਮੈਂਟ ਹੋ ਸਕਦੀ ਹੈ।

## ਸੋਨਾ, ਆਰਟ, ਹੋਰ ਇਨਵੈਸਟਮੈਂਟਾਂ

ਕੀਮਤੀ ਧਾਤਾਂ, ਆਰਟ, ਅਤੇ ਐਂਟੀਕਸ (ਪੁਰਾਣੀਆਂ ਵਸਤਾਂ) ਵਿਚ ਇਨਵੈਸਟ ਕਰਨ ਨੂੰ ਬਹੁਤੀਆਂ ਕਮੇਟੀਆਂ ਲਈ ਕੋਈ ਸਿਆਣਪ ਵਾਲਾ ਇਨਵੈਸਟਮੈਂਟ ਫੈਸਲਾ ਨਹੀਂ ਸਮਝਿਆ ਜਾਂਦਾ। ਅਜਿਹੀ ਸੰਪਤੀ ਇਸ ਵੇਲੇ ਵਿਅਕਤੀਆਂ ਵਲੋਂ ਆਪਣੇ ਨਿੱਜੀ ਆਨੰਦ ਲਈ ਖਰੀਦੀ ਜਾਂਦੀ ਹੈ, ਜ਼ਰੂਰੀ ਨਹੀਂ ਕਿ ਵੇਚਣ ਲਈ ਖਰੀਦੀ ਜਾਣੀ ਚਾਹੀਦੀ ਹੈ। ਫਿਰ ਵੀ, ਅਜਿਹੀਆਂ ਇਨਵੈਸਟਮੈਂਟਾਂ ਆਮ ਤੌਰ ’ਤੇ ਬਹੁਤ ਸੱਟੇਬਾਜ਼ੀ ਵਾਲੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਚੀਜ਼ਾਂ ਨੂੰ ਸਮੇਂ ਸਿਰ ਵੇਚਣਾ ਔਖਾ ਹੋ ਸਕਦਾ ਹੈ। ਯਾਦ ਰੱਖੋ ਕਿ “ਸਿਆਣੇ ਇਨਵੈਸਟਰ” ਵਜੋਂ ਤੁਹਾਨੂੰ ਇਕ ਇਨਵੈਸਟਮੈਂਟ ਪਲੈਨ ਬਣਾਉਣ ਦੀ ਲੋੜ ਹੈ ਜਿਹੜੀ ਖਤਰੇ ਅਤੇ ਢੁਕਵੇਂ ਇਨਵੈਸਟਮੈਂਟ ਮੁਨਾਫੇ ਵਿਚਕਾਰ ਸੰਤੁਲਨ ਰੱਖਦੀ ਹੈ।

## ਇਨਵੈਸਟਰ ਐਜੂਕੇਸ਼ਨ ਕਿਟ

ਬੀ ਸੀ ਸਕਿਉਰਟੀਜ਼ ਕਮਿਸ਼ਨ ਨੇ ਇਕ ਇਨਵੈਸਟਰ ਐਜੂਕੇਸ਼ਨ ਕਿੱਟ ਤਿਆਰ ਕੀਤੀ ਹੈ ਜਿਹੜੀ ਤੁਹਾਨੂੰ ਮਦਦ ਕਰਨ ਵਾਲੀ ਲੱਗ ਸਕਦੀ ਹੈ। ਭਾਵੇਂ ਕਿ ਇਹ ਜਾਣਕਾਰੀ ਕਿਸੇ ਵਿਅਕਤੀ ਦੀ ਆਪਣੀਆਂ ਇਨਵੈਸਟਮੈਂਟਾਂ ਦੀ ਸੰਭਾਲ ਕਰਨ ਵਿਚ ਮਦਦ ਕਰਨ ਲਈ ਲਿਖੀ ਗਈ ਹੈ, ਤੁਸੀਂ ਵੀ ਕਮੇਟੀ ਵਜੋਂ ਆਪਣੇ ਰੋਲ ਵਿਚ ਇਸ ਦੀ ਵਰਤੋਂ ਕਰ ਸਕਦੇ ਹੋ। ਇਸ ਵਿਚ ਸ਼ਾਮਲ ਕੁਝ ਬਰੋਸ਼ਰਾਂ ਦੇ ਨਾਂ ਹਨ:

- ਗੈਟਿੰਗ ਸਟਾਰਟਡ (ਸ਼ੁਰੂ ਕਰਨਾ)
- ਇਨਵੈਸਟਮੈਂਟ ਪਲੈਨਿੰਗ ਵਰਕਸ਼ੀਟ
- ਚੂਜ਼ਿੰਗ ਯੂਅਰ ਫਾਇਨੈਂਸ਼ਲ ਐਡਵਾਈਜ਼ਰਜ਼ (ਆਪਣੇ ਵਿੱਤੀ ਸਲਾਹਕਾਰਾਂ ਦੀ ਚੋਣ ਕਰਨਾ)
- ਮਿਊਚਲ ਫੰਡਜ਼
- ਇਨਵੈਸਟਿੰਗ ਐਂਡ ਦਾ ਇੰਟਰਨੈੱਟ
- ਵੱਖ ਵੱਖ ਕਿਸਮਾਂ ਦੀਆਂ ਸਕਿਉਰਟੀਜ਼ ਦੀਆਂ ਵਿਸ਼ੇਸ਼ਤਾਵਾਂ (ਪੋਸਟਰ)

ਇਨਵੈਸਟਰ ਐਜੂਕੇਸ਼ਨ ਕਿੱਟ ਲੈਣ ਲਈ, ਤੁਸੀਂ 1-800-373-6393 ਨੂੰ ਫੋਨ ਕਰਕੇ ਜਾਂ inquiries@bcsc.bc.ca ’ਤੇ ਈਮੇਲ ਕਰਕੇ, ਬ੍ਰਿਟਿਸ਼ ਕੋਲੰਬੀਆ ਸਕਿਉਰਟੀਜ਼ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹੋ। ਤੁਸੀਂ ਬੀ ਸੀ ਐੱਸ ਸੀ ਦੇ ਵੈੱਬਸਾਈਟ www.bcsc.bc.ca ’ਤੇ ਜਾਣਕਾਰੀ ਦੇਖ ਵੀ ਸਕਦੇ ਹੋ ਜਾਂ ਪ੍ਰਿੰਟ ਵੀ ਕਰ ਸਕਦੇ ਹੋ।

## ਇਨਵੈਸਟਮੈਂਟਾਂ ਦਾ ਰਿਵੀਊ

ਜਦੋਂ ਤੁਸੀਂ ਆਪਣੇ ਅਕਾਊਂਟ ਰਿਵੀਊ ਕਰਵਾਉਣ ਲਈ ਦਿੰਦੇ ਹੋ ਤਾਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਉਨ੍ਹਾਂ ਇਨਵੈਸਟਮੈਂਟਾਂ ਦੀ ਜਾਂਚ ਕਰੇਗਾ ਜਿਨ੍ਹਾਂ ਦੀ ਤੁਸੀਂ ਕਮੇਟੀ ਵਜੋਂ ਸੰਭਾਲ ਕਰਦੇ ਹੋ। ਤੁਹਾਨੂੰ ਆਪਣੀ ਇਨਵੈਸਟਮੈਂਟ ਪਲੈਨ ਜਾਂ ਜੁਗਤ ਦੀ ਇਕ ਕਾਪੀ ਦੇਣ ਲਈ ਕਿਹਾ ਜਾਵੇਗਾ ਅਤੇ ਇਸ ਦੇ ਨਾਲ ਤੁਹਾਡੇ ਤੋਂ ਤੁਹਾਡੀ ਸੰਭਾਲ ਹੇਠਲੀਆਂ ਇਨਵੈਸਟਮੈਂਟਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਮੰਗੀ ਜਾਵੇਗੀ। ਤੁਹਾਡਾ ਕਮੇਟੀ ਰਿਵੀਊ ਅਫਸਰ ਇਸ ਜਾਣਕਾਰੀ ਦੀ ਪੜਤਾਲ ਕਰੇਗਾ ਤਾਂ ਜੋ ਇਹ ਪੱਕਾ ਹੋਵੇ ਕਿ ਤੁਸੀਂ ਬਾਲਗ ਦੀਆਂ ਇਨਵੈਸਟਮੈਂਟਾਂ ਦੀ ਸਿਆਣਪ ਅਤੇ ਪ੍ਰੋਫੈਸ਼ਨਲ ਤਰੀਕੇ ਨਾਲ ਸੰਭਾਲ ਕਰ ਰਹੇ ਹੋ। ਜੇ ਤੁਸੀਂ ਇਸ ਤਰੀਕੇ ਨਾਲ ਫੰਡ ਇਨਵੈਸਟ ਕੀਤੇ ਹਨ ਜਿਹੜਾ ਸਿਆਣਾ ਨਹੀਂ ਲੱਗਦਾ ਤਾਂ ਤੁਸੀਂ ਬਾਲਗ ਦੀ ਇਸਟੇਟ ਨੂੰ ਹੋਏ ਨੁਕਸਾਨਾਂ ਲਈ ਦੇਣਦਾਰ ਹੋ ਸਕਦੇ ਹੋ। ਜੇ ਇਨਵੈਸਟਮੈਂਟ ਦੇ ਫੈਸਲੇ ਅਢੁਕਵੇਂ ਹੋਣ ਤਾਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਤੁਹਾਡੇ ਅਕਾਊਂਟ ਪਾਸ ਕਰਨ ਦੇ ਅਯੋਗ ਹੋਵੇਗਾ।

## ਕੋਈ ਸਵਾਲ ਹਨ, ਕਿਰਪਾ ਕਰਕੇ ਫੋਨ ਕਰੋ

ਇਨਵੈਸਟਮੈਂਟਾਂ ਦੀ ਸੰਭਾਲ ਕਰਨਾ ਇਕ ਗੁੰਝਲਦਾਰ ਅਤੇ ਡਰਾਉਣ ਵਾਲੀ ਜ਼ਿੰਮੇਵਾਰੀ ਹੈ। ਸਿਆਣੇ ਇਨਵੈਸਟਰ ਦਾ ਸੰਕਲਪ ਹੁਣੇ ਹੁਣੇ ਸਾਡੇ ਟਰੱਸਟੀ ਐਕਟ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਇਸ ਬਾਰੇ ਤੁਹਾਡੇ ਸਵਾਲ ਹੋ ਸਕਦੇ ਹਨ। ਤੁਹਾਨੂੰ ਸਾਡਾ ਵੈੱਬਸਾਈਟ www.trustee.bc.ca ਇਕ ਫਾਇਦੇਮੰਦ ਸ੍ਰੋਤ ਲੱਗ ਸਕਦਾ ਹੈ। ਇਨਵੈਸਟਮੈਂਟਾਂ ਅਤੇ ਆਪਣੀ ਕਮੇਟੀਸ਼ਿਪ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ ਆਪਣੇ ਕਮੇਟੀ ਰਿਵੀਊ ਅਫਸਰ ਨਾਲ ਸੰਪਰਕ ਕਰੋ।

ਪ੍ਰਾਈਵੇਟ ਕਮੇਟੀ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
#700 - 808 West Hastings Street
Vancouver, BC V6C 3L3

PUBLIC GUARDIAN AND TRUSTEE OF BRITISH COLUMBIA

ਫੋਨ: 604.660.1500
ਫੈਕਸ: 604.660.4456
ਵੈੱਬਸਾਈਟ: www.trustee.bc.ca